ਬਿਨਾਂ ਗਵਾਹ ਘਰ ਵਿਚ ਕਹੀ ਅਪਮਾਨਜਨਕ ਗੱਲ ਅਪਰਾਧ ਨਹੀਂ ਹੋ ਸਕਦੀ: ਸੁਪਰੀਮ ਕੋਰਟ

ਚੰਡੀਗੜ੍ਹ, 6 ਨਵੰਬਰ (ਸੁਰਜੀਤ ਸਿੰਘ ਸੱਤੀ): ਸੁਪਰੀਮ ਕੋਰਟ ਨੇ ਇਕ ਅਹਿਮ ਫ਼ੈਸਲੇ ਵਿਚ ਕਿਹਾ ਹੈ ਕਿ ਕਿਸੇ ਵੀ ਅਨੁਸੂਚਿਤ ਜਾਤੀ ਜਾਂ ਜਨਜਾਤੀ ਦੇ ਵਿਅਕਤੀ ਨੂੰ ਲੈ ਕੇ ਘਰ ਦੇ ਅੰਦਰ ਕਹੀ ਕੋਈ ਅਪਮਾਨਜਨਕ ਗੱਲ, ਜਿਸ ਦਾ ਕੋਈ ਗਵਾਹ ਨਾ ਹੋਵੇ, ਉਹ ਅਪਰਾਧ ਨਹੀਂ ਹੋ ਸਕਦੀ। ਇਹ ਗੱਲ ਸੁਪਰੀਮ ਕੋਰਟ ਨੇ ਕਹੀ ਹੈ।

ਇਸ ਦੇ ਨਾਲ ਸੁਪਰੀਮ ਕੋਰਟ ਨੇ ਪਟੀਸ਼ਨਕਰਤਾ ਉਤੇ ਲੱਗਾ ਅਨੁਸੂਚਿਤ ਜਾਤੀ/ਜਨਜਾਤੀ ਐਕਟ ਦਾ ਮੁਕੱਦਮਾ ਰੱਦ ਕਰਨ ਦਾ ਆਦੇਸ਼ ਦਿਤਾ ਹੈ। ਇਕ ਮਾਮਲੇ ਵਿਚ ਇਕ ਔਰਤ ਨੇ ਇਕ ਵਿਅਕਤੀ ਉਤੇ ਘਰ ਦੇ ਅੰਦਰ ਅਪਮਾਨਜਨਕ ਗੱਲਾਂ ਕਹਿਣ ਦਾ ਦੋਸ਼ ਲਗਾਇਆ ਸੀ। ਇਸ ਦੇ ਆਧਾਰ ਉਤੇ ਪੁਲਿਸ ਨੇ ਇਸ ਵਿਅਕਤੀ ਵਿਰੁਧ ਮੁਕੱਦਮਾ ਦਰਜ ਕਰ ਲਿਆ ਸੀ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਅਨੁਸੂਚਿਤ ਜਾਤੀ/ਜਨਜਾਤੀ ਐਕਟ ਤਹਿਤ ਸਾਰੇ ਤਰ੍ਹਾਂ ਦੇ ਅਪਮਾਨ ਅਤੇ ਧਮਕੀਆਂ ਨਹੀਂ ਆਉਂਦੀਆਂ। ਐਕਟ ਤਹਿਤ ਸਿਰਫ਼ ਉਹ ਮਾਮਲੇ ਆਉਂਦੇ ਹਨ, ਜਿਨ੍ਹਾਂ ਕਾਰਨ ਪੀੜਤ ਵਿਅਕਤੀ ਸਮਾਜ ਦੇ ਸਾਹਮਣੇ ਅਪਮਾਨ ਜਾਂ ਸ਼ੋਸ਼ਣ ਝੱਲਦਾ ਹੈ। ਐਕਟ ਤਹਿਤ ਮੁਕੱਦਮਾ ਦਰਜ ਕਰਨ ਲਈ ਹੋਰ ਲੋਕਾਂ ਦੀ ਮੌਜੂਦਗੀ ਵਿਚ ਅਪਰਾਧ ਹੋਣਾ ਜ਼ਰੂਰੀ ਹੈ।

ਸੁਪਰੀਮ ਕੋਰਟ ਵਿਚ ਜਸਟਿਸ ਐੱਲ ਨਾਗੇਸ਼ਵਰ ਰਾਓ, ਜਸਟਿਸ ਹੇਮੰਤ ਗੁਪਤਾ ਤੇ ਜਸਟਿਸ ਅਜੇ ਰਸਤੋਗੀ ਦੇ ਬੈਂਚ ਨੇ ਕਿਹਾ ਕਿ ਤੱਥਾਂ ਤਹਿਤ ਅਨੁਸੂਚਿਤ ਜਾਤੀ/ਜਨਜਾਤੀ ਐਕਟ ਦੇ ਸੈਕਸ਼ਨ 3 (1) (ਆਰ) ਦੇ ਮੁਤਾਬਕ ਅਪਰਾਧ ਨਹੀਂ ਹੋਇਆ ਹੈ। ਇਸ ਲਈ ਮਾਮਲੇ ਵਿਚ ਦਾਖ਼ਲ ਚਾਰਜਸ਼ੀਟ ਨੂੰ ਰੱਦ ਕੀਤਾ ਜਾਂਦਾ ਹੈ। ਮੁਲਜ਼ਮ ਵਿਅਕਤੀ ਵਿਰੁਧ ਹੋਰ ਧਾਰਾਵਾਂ ਵਿਚ ਮਾਮਲਾ ਦਰਜ ਕਰ ਕੇ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਕੋਰਟ ਨੇ 2008 ਵਿਚ ਇਸ ਸਿਲਸਿਲੇ ਵਿਚ ਦਿਤੇ ਗਏ ਇਕ ਹੋਰ ਫ਼ੈਸਲੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਸ ਵਿਚ ਵੀ ਜਨਤਕ ਥਾਂ ਉਤੇ ਅਜਿਹੀ ਥਾਂ ਜਿੱਥੇ ਲੋਕਾਂ ਦੀ ਮੌਜੂਦਗੀ ਹੋਵੇ, ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਜੇਕਰ ਕੋਈ ਅਪਮਾਨਜਨਕ ਹਰਕਤ ਖੁਲ੍ਹੇਆਮ ਹੁੰਦੀ ਹੈ ਤੇ ਉਸ ਨੂੰ ਹੋਰ ਲੋਕ ਦੇਖ-ਸੁਣ ਲੈਂਦੇ ਹਨ ਤਾਂ ਉਹ ਐੱਸਸੀ/ਐੱਸਟੀ ਐਕਟ ਤਹਿਤ ਅਪਰਾਧ ਦੀ ਸ਼੍ਰੇਣੀ ਵਿਚ ਆ ਜਾਵੇਗਾ।

PUBLIC NOTICE

The Firm M/s Technical Associates having registered office at 1062 Industrial Area, Phase-II, Chandigarh 160002 having three partners

01. Mrs. Promila Bhambhani W/o Sh. Parkash Bhambhani

02. Mrs. Nitasha Bhambhani D/o Parkash Bhambhani

03. Mr. Ashish Bhambhani S/o Sh. Parkash Bhambhani

Now Decided to exit Mr. Ashish Bhambhani and induct new partner Mr. Sourabh Chaudhary. If anybody had any objection regarding this change in constitution, kindly contact within 15 days to HQ, Chief Engineer, Western Command Chandimandir.

ਗਰੇਟਰ ਮੋਹਾਲੀ ਏਰੀਆ ਡਿਵੇਲਪਮੈਂਟ ਅਥਾਰਿਟੀ ਪੁੱਡਾ ਭਵਨ, ਸੈਕਟਰ-62, ਐਸ. ਏ. ਐਸ. ਨਗਰ

ਜਨਤਕ ਸੂਚਨਾ

ਪਲਾਟ ਨੰਬਰ 2630, ਸੈਕਟਰ 70, ਸਾਹਿਬਜਾਦਾ ਅਜੀਤ ਸਿੰਘ ਨਗਰ, ਪੰਜਾਬ ਦੇ ਅਲਾਟੀ ਸ਼ੁਹੇਲ ਸਿੰਘ ਸ਼ੇਰਗਿੱਲ ਪੁੱਤਰ ਗੁਰਜੀਤ ਸਿੰਘ ਸ਼ੇਰਗਿੱਲ ਨੇ ਅਪਣੇ ਪਲਾਟ ਸਬੰਧੀ ਮੁਖਤਿਆਰ ਆਮ ਆਪਣੇ ਪਿਤਾ ਗੁਰਜੀਤ ਸਿੰਘ ਸ਼ੇਰਗਿੱਲ ਪੁੱਤਰ ਲੇਟ ਅਵਤਾਰ ਸਿੰਘ ਅਤੇ ਮਾਤਾ ਮਨਦੀਪ ਕੌਰ ਸ਼ੇਰਗਿੱਲ ਪਤਨੀ ਗੁਰਜੀਤ ਸਿੰਘ ਸ਼ੇਰਗਿੱਲ ਵਾਸੀਆਨ ਮਕਾਨ ਨੰਬਰ 454, ਸੈਕਟਰ 15-ਏ, ਚੰਡੀਗੜ੍ਹ ਨੂੰ ਨਿਯੁਕਤ ਕੀਤਾ ਹੈ ਜੋ ਕਿ ਸਬ ਰਜਿਸਟਰਾਰ, ਚੰਡੀਗੜ੍ਹ ਦੇ ਦਫਤਰ ਵਿਖੇ ਵਸੀਕਾ ਨੰਬਰ 1807, ਬੁੱਕ ਨੰਬਰ 4, ਵੱਲਿਊਮ ਨੰਬਰ 285, ਪੰਨਾ ਨੰਬਰ 132 ਮਿਤੀ 09-08- 2006 ਰਾਹੀਂ ਰਜਿਸਟਰਡ ਹੈ।

ਇਸ ਰਜਿਸਟਰਡ ਜੀ.ਪੀ.ਏ. ਦੇ ਅਧਾਰ ਤੇ ਗੁਰਜੀਤ ਸਿੰਘ ਸ਼ੇਰਗਿੱਲ ਪੁੱਤਰ ਲੇਟ ਅਵਤਾਰ ਸਿੰਘ ਨੇ ਪਲਾਟ ਨੰਬਰ 2630, ਸੈਕਟਰ 70, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਰਾਮ ਕੁਮਾਰ ਪੁੱਤਰ ਹਰੀ ਚੰਦ ਵਾਸੀ ਮਕਾਨ ਨੰਬਰ 3208, ਸੈਕਟਰ 35, ਚੰਡੀਗੜ੍ਹ ਨੂੰ ਵੇਚਣ ਦੀ ਇਜਾਜਤ ਲੈਣ ਲਈ ਸਿੰਗਲ ਵਿੰਡੋ ਪੱਤਰ ਨੰਬਰ 8984 ਮਿਤੀ 29-06-2020 ਰਾਹੀਂ ਪ੍ਰਤੀਬੇਨਤੀ ਦਿੱਤੀ ਹੈ। ਹੁਣ ਇਹ ਕੇਸ ਸੁਪਰਡੰਟ, ਮਿਲਖ ਦਫਤਰ, ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਦਫਤਰ ਵਿੱਚ ਵਿਚਾਰ ਅਧੀਨ ਹੈ। ਇਸ ਲਈ ਉਕਤ ਪਲਾਟ ਨੰਬਰ 2630, ਸੈਕਟਰ 70, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਵੇਚਣ ਦੀ ਇਜਾਜਤ ਦੇਣ ਤੋਂ ਪਹਿਲਾਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਇਤਰਾਜ ਸੁਪਰਡੰਟ, ਮਿਲਖ ਦਫਤਰ, ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ ਪਾਸ ਲਿਖਤੀ ਰੂਪ ਵਿੱਚ ਦੇ ਸਕਦਾ ਹੈ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਇਤਰਾਜ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ ਅਤੇ ਉਕਤ ਰਜਿਸਟਰਡ ਰੋਈ ਜੀ.ਪੀ.ਦੋ. ਤੇ ਆਧਾਰ ਤੇ ਪਲਾਟ ਨੰਬਰ 2630, ਸੈਕਟਰ 70, ਸਾਹਿਬਜਾਦਾ ਅਜੀਤ ਸਿੰਘ ਨਗਰ, ਪੰਜਾਬ ਨੂੰ ਵੇਚਣ ਦੀ ਇਜਾਜਤ ਦੇਣ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰ ਦਿੱਤਾ ਜਾਵੇਗਾ।

ਮਿਲਖ ਅਫਸਰ (ਪਲਾਟਸ)
ਗਮਾਡਾ, ਐਸ. ਏ. ਐਸ. ਨਗਰ

ਗਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ (ਗਲਾਡਾ), ਲੁਧਿਆਣਾ

ਜਨਤਕ ਸੂਚਨਾ

ਪਲਾਟ ਨੰ 1156 ਫੇਸ-1, ਅਰਬਨ ਅਸਟੇਟ, ਦੁਗਰੀ ਰੋਡ, ਲੁਧਿਆਣਾ ਦੀ ਇਸ ਦਫਤਰ ਦੇ ਪੱਤਰ ਨੰ 12098-99 ਮਿਤੀ 16-11-1993 ਦੇ ਰਾਹੀ ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ ਦੇ ਨਾਂ ਤੇ ਕੀਤੀ ਗਈ ਸੀ। ਉਕਤ ਪਲਾਟ ਦੇ ਅਲਾਟੀ ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ ਦੀ ਮਿਤੀ 27-05-2020 ਨੂੰ ਮੌਤ ਹੋ ਚੁੱਕੀ ਹੈ। ਹੁਣ ਸ੍ਰੀਮਤੀ ਤਰਵਿੰਦਰ ਕੌਰ ਪਤਨੀ ਸਵ: ਸ੍ਰੀ ਹਰਜਿੰਦਰ ਸਿੰਘ, ਵਲੋਂ ਵਾਰਡ ਨੰ 43, ਨਗਰ ਨਿਗਮ ਲੁਧਿਆਣਾ ਦੀ ਕੌਂਸਲਰ ਸ੍ਰੀਮਤੀ ਰੀਤ ਕੌਰ ਸ਼ੀਲਾ ਵਲੋਂ ਉਨ੍ਹਾਂ ਦੇ ਹੱਕ ਵਿਚ ਜਾਰੀ ਕੀਤਾ ਕੁਰਸੀਨਾਮਾ ਅਤੇ ਅਲਾਟੀ ਦੀ ਮੌਤ ਦਾ ਸਰਟੀਫੀਕੇਟ, ਅਤੇ ਹੋਰ ਦਸਤਾਵੇਜ਼ ਪੇਸ਼ ਕੀਤੇ ਹਨ। ਜੋ ਕਿ ਦਫਤਰ ਦੇ ਵਿਚਾਰ ਅਧੀਨ ਹਨ।

ਉਪਰੋਕਤ ਪਲਾਟ ਦੀ ਮਲਕੀਤੀ ਕੁਰਸੀਨਾਮੇ ਦੇ ਆਧਾਰ ਤੇ ਤਬਦੀਲ ਕਰਨ ਤੋਂ ਪਹਿਲਾਂ ਜਨਤੱਕ ਪਾਸੋ ਇਤਰਾਜ਼ ਮੰਗੇ ਜਾਣੇ ਯੋਗ ਹਨ। ਇਸ ਲਈ ਜਨਤਕ ਸੂਚਨਾ ਦੇ ਇਸ਼ਤਿਹਾਰ ਰਾਹੀ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਪਲਾਟ ਨੰ 1156 ਫੇਸ-1, ਅਰਬਨ ਅਸਟੇਟ, ਦੁਗਰੀ ਰੋਡ, ਲੁਧਿਆਣਾ, ਦੀ ਮਲਕੀਤੀ ਕੁਰਸੀਨਾਮੇ ਵਸੀਅਤ ਦੇ ਆਧਾਰ ਤੇ ਸ੍ਰੀਮਤੀ ਤਰਵਿੰਦਰ ਕੌਰ ਪਤਨੀ ਸਵ: ਸ੍ਰੀ ਹਰਜਿੰਦਰ ਸਿੰਘ, ਦੇ ਨਾਮ ਤੇ ਕਰਨ ਸੰਬਧੀ ਜੋ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਮਿਲਖ ਅਫਸਰ ਗਲਾਡਾ ਲੁਧਿਆਣਾ ਵਿਖੇ ਆਪਣਾ ਦਾਅਵਾ ਪੇਸ਼ ਕਰ ਸਕਦੇ ਹਨ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਮਿਥੀ ਮਿਤੀ ਤੇ ਸਮੇਂ ਤੋ ਬਾਅਦ ਪ੍ਰਾਪਤ ਹੋਏ ਇਤਰਾਜ਼ਾ ਤੇ ਕੋਈ ਕਾਰਵਾਈ ਨਹੀ ਕੀਤੀ ਜਾਵੇਗੀ ਅਤੇ ਉਕਤ ਪਲਾਟ ਨੰ 1156 ਫੇਸ-1, ਅਰਬਨ ਅਸਟੇਟ, ਦੁਗਰੀ ਰੋਡ, ਲੁਧਿਆਣਾ ਦੀ ਮਲਕੀਤੀ, ਕੁਰਸੀਨਾਮੇ ਦੇ ਆਧਾਰ ਤੇ ਸ੍ਰੀਮਤੀ ਤਰਵਿੰਦਰ ਕੌਰ ਪਤਨੀ ਸਵ: ਸ੍ਰੀ ਹਰਜਿੰਦਰ ਸਿੰਘ, ਦੇ ਨਾਮ ਤੇ ਤਬਦੀਲ ਕਰ ਦਿੱਤੀ ਜਾਵੇਗੀ।

ਮਿਲਖ ਅਫਸਰ,
ਗਲਾਡਾ, ਲੁਧਿਆਣਾ

ਸ.ਫਾ 1 ਦੀਆਂ ਬਾਕੀਆਂ

ਮਾਲ ਗੱਡੀਆਂ ਦੀ ਆਵਾਜਾਈ ਲਈ ਸਾਰੀਆਂ ਰੇਲਵੇ ਲਾਈਨਾਂ ਹੋਈਆਂ ਖ਼ਾਲੀ : ਪੰਜਾਬ ਸਰਕਾਰ

ਉਨ੍ਹਾਂ ਅੱਗੇ ਦਸਿਆ ਕਿ ਪੰਜਾਬ ਭਰ ਵਿੱਚ ਮਾਲਗੱਡੀਆਂ ਦੀ ਆਵਾਜਾਈ ਨਿਰੰਤਰ ਹੋਣ ਤੋਂ ਕੁਝ ਦਿਨ ਬਾਅਦ ਯਾਤਰੀ ਰੇਲ ਗੱਡੀਆਂ ਦੀ ਆਵਾਜਾਈ ਵੀ ਸੰਭਵ ਹੋ ਸਕੇਗੀ, ਕਿਉਂਕਿ ਮੰਤਰੀਆਂ ਦੀ ਕਮੇਟੀ ਵੱਖ-ਵੱਖ ਕਿਸਾਨ ਯੂਨੀਅਨਾਂ ਨਾਲ ਗੱਲਬਾਤ ਕਰਕੇ ਵਡੇਰੇ ਲੋਕ ਹਿੱਤਾਂ ਲਈ ਯਾਤਰੀ ਰੇਲ ਗੱਡੀਆਂ ਦੀ ਸੁਚਾਰੂ ਆਵਾਜਾਈ ਚਾਲੂ ਕਰਵਾਉਣ ਸਬੰਧੀ ਜੁਟੀ ਹੋਈ ਹੈ। ਇਸ ਤੋਂ ਪਹਿਲਾਂ ਕੇਂਦਰੀ ਰੇਲਵੇ ਬੋਰਡ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ ਕਿ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਮੈਂਬਰ 21 ਸਥਾਨਾਂ ਤੇ ਮੌਜੂਦ ਸਨ ਪਰ ਹੁਣ ਉਨ੍ਹਾਂ ਥਾਂਵਾਂ ਨੂੰ ਮਾਲ ਗੱਡੀਆਂ ਦੀ ਢੋਆ-ਢੁਆਈ ਲਈ ਖਾਲੀ ਕਰ ਦਿੱਤਾ ਗਿਆ ਹੈ।

ਪੰਜਾਬ ਦੀ ਆਨ ਤੇ ਸ਼ਾਨ ਕਿਸਾਨ ਹਨ : ਨਵਜੋਤ ਸਿੰਘ ਸਿੱਧੂ

ਕਿਹਾ ਕਿ ਅਸਤੀਫ਼ਾ ਦੇਣ ਨਾਲ ਕੁੱਝ ਨਹੀਂ ਹੁੰਦਾ ਤੇ ਕਿਸਾਨਾਂ ਨੂੰ ਪੱਕਾ ਹੱਲ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸਤੀਫ਼ੇ ਦੇਣ ਨਾਲ ਦੁਬਾਰਾ ਚੋਣਾਂ ਤਾਂ ਜਿੱਤੀਆਂ ਜਾ ਸਕਦੀਆਂ ਹਨ ਪਰ ਕਿਸਾਨੀ ਦਾ ਪੱਕਾ ਹੱਲ ਨਹੀਂ ਨਿਕਲ ਸਕਦਾ। ਇਸ ਵੇਲੇ ਇਕ ਖ਼ਾਸ ਗੱਲ ਦੇਖੀ ਗਈ ਕਿ ਰੈਲੀ ਦੌਰਾਨ ਕੋਈ ਵੀ ਕਾਂਗਰਸੀ ਝੰਡਾ ਨਹੀਂ ਸੀ ਤੇ ਇਹ ਰੈਲੀ ਨਵਜੋਤ ਸਿੱਧੂ ਦੇ ਯੂ-ਟਿਊਬ ਚੈਨਲ 'ਜਿੱਤੇਗਾ ਪੰਜਾਬ' ਦੇ ਬੈਨਰ ਹੇਠ ਕੀਤੀ ਗਈ।

ਸਾਬਕਾ ਭਾਜਪਾ ਮੰਤਰੀ ਜਿਆਣੀ ਨੇ ਪੂਰਿਆ ਕਿਸਾਨਾਂ ਦਾ ਪੱਖ

ਦਿਨੋਂ ਦਿਨ ਵਿਗੜਦਾ ਜਾ ਰਿਹਾ ਹੈ ਜਦਕਿ ਕਿਸਾਨ ਅੰਨਦਾਤਾ ਤੇ ਉਨ੍ਹਾਂ ਨੂੰ ਦਲਾਲ ਕਹਿਣਾ ਗ਼ਲਤ ਗੱਲ ਹੈ। ਉਨ੍ਹਾਂ ਕਿਹਾ ਕਿ ਸੱਚ ਕਹਿਣ ਕਰ ਕੇ ਉਨ੍ਹਾਂ ਨੂੰ ਪਾਰਟੀ 'ਚੋਂ ਕੱਢ ਦੇਣ ਭਾਵੇਂ, ਉਹ ਸੱਚ ਜ਼ਰੂਰ ਬੋਲਣਗੇ। ਜਿਆਣੀ ਨੇ ਕਿਸਾਨਾਂ ਦਾ ਪੱਖ ਪੂਰਦਿਆਂ ਕਿਹਾ ਕਿ ਕਿਸਾਨਾਂ ਦੇ ਗਿਲੇ ਸ਼ਿਕਵੇ ਅਪਣੀ ਜਗ੍ਹਾ ਸਹੀ ਹਨ ਇਸ ਲਈ ਜ਼ਿੰਮੇਵਾਰ ਆਗੂਆਂ ਨੂੰ ਉਨ੍ਹਾਂ ਨਾਲ ਸੁਖਾਵੇਂ ਮਾਹੌਲ 'ਚ ਗੱਲਬਾਤ ਕਰ ਲੈਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰੀ ਆਗੂਆਂ ਵਲੋਂ ਸਮੇਂ ਸਿਰ ਕਿਸਾਨਾਂ ਨਾਲ ਗੱਲਬਾਤ ਕਰ ਲਈ ਹੁੰਦੀ ਤਾਂ ਸ਼ਾਇਦ ਅਜਿਹਾ ਮਾਹੌਲ ਹੀ ਪੈਦਾ ਨਹੀਂ ਹੋਣਾ ਸੀ।

ਕਾਂਗਰਸੀ ਸੰਸਦ ਮੈਂਬਰਾਂ ਦੀ ਰੇਲਵੇ ਮੰਤਰੀ ਨਾਲ ਮੀਟਿੰਗ ਫਿਰ ਰਹੀ ਬੇਸਿੱਟਾ

ਅੱਜ ਦੇਰ ਸ਼ਾਮ ਫਿਰ ਕਾਂਗਰਸੀ ਸੰਸਦ ਮੈਂਬਰਾਂ ਨੇ ਪਿਊਸ਼ ਚਾਵਲਾ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਪੰਜਾਬ ਅੰਦਰ ਰੇਲ ਗੱਡੀਆਂ ਦੀ ਬਹਾਲੀ ਲਈ ਬੇਨਤੀ ਕੀਤੀ। ਸੂਤਰ ਦਸਦੇ ਹਨ ਕਿ ਇਸ ਵਾਰ ਵੀ ਰੇਲਵੇ ਮੰਤਰੀ ਦਾ ਕਲ ਵਾਲਾ ਹੀ ਜਵਾਬ ਸੀ (ਏਜੰਸੀ)

ਕਾਂਗਰਸ ਵਲੋਂ ਕੇਂਦਰੀ ਖੇਤੀ ਕਾਨੂੰਨਾਂ ਵਿਰੁਧ ਹਰਿਆਣਾ ਵਿਧਾਨ ਸਭਾ ਅੰਦਰ ਤੇ ਬਾਹਰ ਜ਼ੋਰਦਾਰ ਪ੍ਰਦਰਸ਼ਨ

ਇਸ ਦਾ ਕਾਂਗਰਸੀ ਮੈਂਬਰਰਾਂ ਨੇ ਜ਼ੋਰਦਾਰ ਵਿਰੋਧ ਕਰਦਿਆਂ ਵੋਟਿੰਗ ਦੀ ਮੰਗ ਕੀਤੀ। ਕਾਂਗਰਸੀ ਮੈਂਬਰਾਂ ਦਾ ਇਹਵੀ ਇਤਰਾਜ਼ ਸੀ ਕਿ ਉਨ੍ਹਾਂ ਦਾ ਇਸ ਸਬੰਧੀ ਬਿਲ ਰੱਦ ਕਰ ਦਿਤਾ ਗਿਆ ਸੀ ਪਰ ਅੱਜ ਸੱਤਾ ਧਿਰ ਵਲੋਂ ਲਿਆਂਦਾ ਗਿਆ ਹੈ। ਇਸ 'ਤੇ ਭਾਰੀ ਹੰਗਾਮੇ ਦੇ ਚਲਦਿਆਂ ਸਪੀਕਰ ਨੂੰ ਸਦਨ ਦੀ ਕਾਰਵਾਈ 15 ਮਿੰਟ ਲਈ ਮੁਲਤਵੀ ਕਰਨੀ ਪਈ। ਇਸ ਤੋਂ ਬਾਅਦ ਹੁੱਡਾ ਨੇ ਰੱਲੇ ਰੱਪੇ 'ਚ ਐਲਾਨ ਕੀਤਾ ਕਿ ਉਹ ਤਿੰਨੇ ਕੇਂਦਰੀ ਕਾਨੂੰਨ ਰੱਦ ਕਰਦੇ ਹਨ ਅਤੇ ਇਸ 'ਚ ਅਜਿਹੀ ਕਿਸਾਨ ਪੱਖੀ ਗੱਲ ਨਹੀਂ, ਜਿਸ ਲਈ ਧਨਵਾਦ ਮਤਾ ਪਾਸ ਕੀਤਾ ਜਾਵੇ। ਇਸੇ ਦੌਰਾਨ ਅੱਜ ਸਦਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਕਾਂਗਰਸੀ ਮੈਂਬਰਾਂ ਨੇ ਕੇਂਦਰੀ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਹਾਈਕੋਰਟ ਚੌਕ ਤੋਂ ਵਿਧਾਨ ਸਭਾ ਤਕ ਰੋਸ ਮਾਰਚ ਵੀ ਕੀਤਾ। ਅੱਜ ਵਿਧਾਨ ਸਭਾ ਸੈਸ਼ਨ ਦੌਰਾਨ ਸੋਨੀਪਤ 'ਚ ਹੋਏ ਸ਼ਰਾਬ ਕਾਂਡ ਤੇ ਨਿਤਿਕਾ ਹਤਿਆ ਕਾਂਡ ਦੇ ਮੁੱਦੇ ਵੀ ਵਿਰੋਧੀ ਧਿਰ ਉਠਾਏ ਗਏ।

ਸ.ਫਾ 3 ਦੀਆਂ ਬਾਕੀਆਂ

ਈਡੀ ਸਾਹਮਣੇ ਪੇਸ਼ ਨਹੀਂ ਹੋਏ ਰਣਇੰਦਰ ਸਿੰਘ, ਖ਼ਰਾਬ ਸਿਹਤ ਦਾ ਦਿਤਾ ਹਵਾਲਾ

ਸਿੰਘ ਸ਼ੇਰਗਿੱਲ ਨੇ 27 ਨੂੰ ਟਵੀਟ ਕਰ ਕੇ ਜਾਣਕਾਰੀ ਦਿਤੀ ਸੀ ਕਿ ਰਣਇੰਦਰ ਨੈਸ਼ਨਲ ਰਾਈਫ਼ਲ ਐਸੋਸੀਏਸ਼ਨ ਦੇ ਪ੍ਰਧਾਨ ਹਨ। 27 ਨੂੰ ਉਹ ਉਲੰਪਿਕ ਗੇਮਜ਼ ਨੂੰ ਲੈ ਕੇ ਪਾਰਲੀਮੈਂਟਰੀ ਪੈਨਲ ਦੀ ਬੈਠਕ 'ਚ ਸ਼ਾਮਲ ਹੋਣਗੇ। ਇਸ ਲਈ ਈਡੀ ਦਫ਼ਤਰ 'ਚ ਪੇਸ਼ ਨਹੀਂ ਹੋ ਸਕਣਗੇ। ਉਲੰਪਿਕ ਗੇਮਜ਼ ਨੂੰ ਲੈ ਕੇ ਇਹ ਬੈਠਕ ਅਹਿਮ ਹੈ। ਈਡੀ ਦਫ਼ਤਰ 'ਚ ਰਣਇੰਦਰ ਦਾ ਕਾਫੀ ਦੇਰ ਤਕ ਇੰਤਜ਼ਾਰ ਹੁੰਦਾ ਰਹਿੰਦਾ ਸੀ।

ਖੇਤੀ ਮਾਹਰ ਨੇ ਈਜਾਦ ਕੀਤਾ ਪਰਾਲੀ ਸਾੜਨ ਦਾ ਕਾਰਗਰ ਅਤੇ ਕਮਾਊ ਚਮਤਕਾਰੀ ਹੱਲ

ਤਕਨੀਕੀ ਸਹਾਇਤਾ ਨਾਲ ਝੋਨੇ ਦੀ ਪਰਾਲੀ ਨੂੰ ਸਿਲਕਾ ਭਰਪੂਰ ਖਾਦ ਅਤੇ ਬਾਇਉ ਗੈਸ ਵਿਚ ਬਦਲਣ ਦੀ ਟੈਕਨੋਲੋਜੀ ਦਾ ਵਿਕਾਸ ਕੀਤਾ ਹੈ। ਇਸ ਤਕਨਾਲੋਜੀ ਦਾ ਪ੍ਰਦਰਸ਼ਨ ਪੰਜਾਬ ਦੇ ਫ਼ਾਜ਼ਿਲਕਾ ਵਿਚ ਸਥਾਪਤ ਇਕ ਪਲਾਂਟ ਵਿਚ ਕੀਤਾ ਗਿਆ ਹੈ ਅਤੇ ਇਹ ਬਹੁਤ ਵਧੀਆ ਕੰਮ ਕਰ ਰਿਹਾ ਹੈ। ਸਾਡੇ ਦੁਆਰਾ ਵਿਕਸਤ ਕੀਤੀ ਗਈ ਖਾਦ ਦੀ ਪੰਜਾਬ ਖੇਤੀਬਾੜੀ ਯੂਨੀਵਰਸਟੀ (ਪੀ.ਏ.ਯੂ.) ਦੁਆਰਾ ਪ੍ਰੀਖਣ ਅਤੇ ਫ਼ੀਲਡ ਟੈਸਟਿੰਗ ਕੀਤੀ ਗਈ ਹੈ। ਪੀਏਯੂ ਨੇ ਇਸ ਨੂੰ ਖੇਤੀਬਾੜੀ ਵਰਤੋਂ ਲਈ ਸਿਫ਼ਾਰਸ਼ ਕੀਤੀ ਹੈ ਅਤੇ ਇਸਦੀ ਰਿਪੋਰਟ ਵੀ ਆਪਣੀ ਪੈਕਜ ਆਫ਼ ਪ੍ਰੈਕਟਿਸ ਦੇ ਸਿਰਲੇਖ ਵਿਚ ਪ੍ਰਕਾਸ਼ਤ ਕੀਤੀ ਗਈ ਹੈ।

ਹਾਈ ਕੋਰਟ ਨੇ ਐਸ.ਐਸ.ਪੀ. ਸੰਗਰੂਰ ਤੋ